This question paper contains 3 printed pages]

*Your Roll No................*

**543**

**B.A. (PROGRAMME)/II** **B**

**(L)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਲਿਖੋ : 15

- ਕਦੋਂ ਚਾਹਿਆ ਸੀ – ਜਗਤਾਰ ਢਾਅ
- ਮੁਰਗੀ ਜਿਊੜੇ – ਧਨੀ ਰਾਮ ਚਾਤ੍ਰਿਕ
- ਕਾਹਨੂੰ ਬਾਲਦੈਂ – ਤਾਰਾ ਸਿੰਘ
- ਕਾਵਿ ਰੰਗ ਸੁੰਦਰਤਾ – ਭਾਈ ਵੀਰ ਸਿੰਘ ।

2. ਹਰਚਰਨ ਸਿੰਘ ਦੇ ਨਾਟਕ 'ਕਲ੍ਹ, ਅੱਜ ਤੇ ਭਲਕ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

ਜਾਂ

ਨਾਟਕ 'ਕਲ੍ਹ, ਅੱਜ ਤੇ ਭਲਕ' ਦੀ ਨਾਟਕੀ ਤੱਤਾਂ ਦੇ ਆਧਾਰ 'ਤੇ ਪਰਖ ਕਰੋ । 15

3. ਦਿੱਲੀ ਜਲ ਬੋਰਡ ਨੂੰ ਇਕ ਪੱਤਰ ਲਿਖ ਕੇ ਆਪਣੀ ਕਲੋਨੀ ਵਿਚ ਟੁੱਟੀ ਪਾਇਪ ਲਾਇਨ ਕਾਰਨ ਘਰਾਂ ਵਿਚ ਘਟ ਪਾਣੀ ਆਉਣ ਦੀ ਸ਼ਿਕਾਇਤ ਕਰੋ । 10

4. ਹੇਠ ਲਿਖੇ ਪੈਰੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ :

ਨਾਨਕ ਬਾਣੀ ਨੂੰ ਪੜ੍ਹ ਕੇ ਮਨੁੱਖ ਇਸ ਸਿੱਟੇ ਉਪੱਰ ਪੁੱਜਦਾ ਹੈ ਕਿ ਕਿਸ ਪ੍ਰਕਾਰ ਸਤਿਗੁਰ ਦਾ ਵਿਅਕਤਿਤਵ ਗੈਰ-ਮਾਮੂਲੀ, ਅਸਾਧਾਰਣ, ਬਹੁਮੁਖੀ ਤੇ ਬਹੁਪੱਖੀ ਹੈ, ਆਪ ਦੀ ਭਾਸ਼ਾ ਅਸਾਧਾਰਣ, ਬਹੁਰੰਗੀ ਅਤੇ ਬਹੁਰੂਪਕੀ ਹੈ । ਆਪ ਦੀ ਪ੍ਰਤਿਭਾ ਬਹੁਤ ਹੀ ਤੀਖਣ ਅਤੇ ਪ੍ਰਭਾਵਸ਼ਾਲੀ ਸੀ, ਸੋਚ-ਉਡਾਰੀ ਬਹੁਤ ਹੀ ਬਲਵਾਨ ਅਤੇ ਬੁਲੰਦ ਪਾਏ ਦੀ । ਆਪ ਜਿਸ ਇਲਾਕੇ ਵਿਚ ਜਾਂਦੇ ਸਨ, ਸਥਾਨਕ ਬੋਲੀ ਵਿਚ ਹੀ ਉਥੋਂ ਦੇ ਲੋਕ ਸਮੂਹ ਨੂੰ ਉਪਦੇਸ਼ ਦਿੰਦੇ ਸਨ । ਪਰ ਆਪ ਦੀ ਭਾਸ਼ਾ ਪੂਰਬੀ ਪੰਜਾਬੀ ਦੇ ਅੰਤਰਗਤ ਰੱਖੀ ਜਾ ਸਕਦੀ ਹੈ, ਕਿਉਂਕਿ ਆਪ ਇਸੇ ਇਲਾਕੇ ਦੇ ਜੰਮਪਲ ਸਨ ਅਤੇ ਆਪਣੀ ਮੁੱਢਲੀ ਉਮਰ ਦੇ ਤੀਹ ਸਾਲਾਂ ਵਿਚ ਇਸੇ ਪਿਆਰੀ ਮਾਤ-ਬੋਲੀ ਨੂੰ ਬੋਲਦੇ ਰਹੇ । ਸਿੱਟੇ ਵਜੋਂ ਇਹ ਬੋਲੀ ਆਪ ਦੇ ਵਿਚਾਰ-ਵਿਮਰਸ਼, ਵਿਚਾਰ-ਵਟਾਂਦਰੇ ਅਤੇ ਵਿਚਾਰ-ਪ੍ਰਗਟਾਵੇ ਦਾ ਮਾਧਿਅਮ ਬਣ ਗਈ । ਇਸ ਸਾਂਝੀ ਬੋਲੀ (ਪੰਜਾਬੀ) ਉੱਪਰ ਲਹਿੰਦੀ ਬੋਲੀ (ਹਿੰਦੀ, ਉਰਦੂ), ਬ੍ਰਿਜ-ਭਾਸ਼ਾ ਆਦਿ ਦੇ ਪ੍ਰਭਾਵ ਵੀ ਮਿਲਦੇ ਹਨ । ਕਿਤੇ ਸਿੰਧੀ, ਪੁਆਧੀ ਅਤੇ ਹਰਿਆਣਵੀ ਬੋਲੀ ਦੀ ਸ਼ਬਦਾਵਲੀ ਵੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ । ਲੋਕ-ਕਲਿਆਣ ਖ਼ਾਤਰ ਹੀ ਗੁਰਦੇਵ ਨੂੰ ਮਿਸ਼ਰਿਤ ਭਾਸ਼ਾ ਦਾ ਪ੍ਰਯੋਗ ਕਰਨਾ ਪਿਆ । 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(*i*) ਪੰਜਾਬੀ ਸ਼ਬਦ ਜੋੜਾਂ ਦੇ ਕੋਈ **ਪੰਜ** ਨਿਯਮ ਲਿਖੋ ।

(*ii*) ਵਾਕ ਕਿੰਨੀ ਪ੍ਰਕਾਰ ਦੇ ਹਨ ? ਨਾਂ ਲਿਖ ਕੇ ਕਿਸੇ ਇਕ ਵਾਕ ਨੂੰ ਉਦਾਹਰਨ ਸਹਿਤ ਸਪਸ਼ੱਟ ਕਰੋ ।

(*iii*) ਕੀ ਗੁਰਮੁਖੀ ਲਿਪੀ ਪੰਜਾਬੀ ਲਈ ਢੁਕਵੀਂ ਹੈ ? 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50 ਸ਼ਬਦਾਂ ਵਿਚ ਲਿਖੋ :

(*i*) ਨਾਟਕ 'ਕਲ੍ਹ, ਅੱਜ ਤੇ ਭਲਕ' ਵਿਚ ਭਲਵਾਨ ਤੇ ਜੈਲਦਾਰ ਉਗਰਾਹੀ ਕਿਉਂ ਕਰਦੇ ਹਨ ?

(*ii*) ਨਾਟਕ 'ਕਲ੍ਹ, ਅੱਜ ਤੇ ਭਲਕ' ਦੇ ਅੰਤ ਦੇ ਦ੍ਰਿਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

(*iii*) ਦੀਵਾਨ ਸਿੰਘ ਕਾਲੇ ਪਾਣੀ ਦੀ ਕਵਿਤਾ 'ਕੋਹਲੂ' ਵਿਚ ਜੀਵਨ ਬਾਰੇ ਕੀ ਸੁਨੇਹਾ ਦਿੱਤਾ ਗਿਆ ਹੈ ?

(*iv*) ਭਾਈ ਵੀਰ ਸਿੰਘ ਦੀ ਕਵਿਤਾ 'ਖੇੜਾ' ਵਿਚ ਕੀ ਸੁਨੇਹਾ ਦਿੱਤਾ ਗਿਆ ਹੈ ?

(*v*) ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਕਤਕ-ਕੂੰਜਾਂ' ਵਿਚ ਕਿਹੋ ਜਿਹੇ ਪ੍ਰੀਵਰਤਨ ਦੀ ਗਲ ਕੀਤੀ ਜਾਈ ਹੈ ? $5\times3=15$